

ਸੰਵਾਦ-17 (ਜਨਵਰੀ-ਜੂਨ 2023) ISSN : 2395-1273 **www.sanvad.org**

# ਬਹੁ-ਸਭਿਆਚਾਰਵਾਦ ਅਤੇ ਅਜੋਕਾ ਪੰਜਾਬੀ ਪਰਵਾਸ



**ਡਾ. ਹਰਿੰਦਰ ਕੌਰ ਸੋਹਲ**
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ
ਯੂਨੀਵਰਸਿਟੀ
ਅੰਮ੍ਰਿਤਸਰ
7707922304
harinderkaursohal
@gmail.com

ਬਹੁ-ਸਭਿਆਚਾਰਵਾਦ ਪੰਜਾਬੀ ਚਿੰਤਨ ਵਿਚ ਨਵਾਂ ਚਰਚਿਤ ਹੋਇਆ ਮਾਨਵਵਾਦੀ ਤੇ ਆਦਰਸ਼ਕ ਸੰਕਲਪ ਹੈ ਜੋ ਉਤਰ-ਬਸਤੀਵਾਦੀ ਚਿੰਤਨ ਦੇ ਅੰਤਰਗਤ ਉਭਰਦਾ ਹੈ। ਮਾਨਵੀ ਨੈਤਿਕਤਾ ਦੇ ਆਧਾਰ 'ਤੇ ਵਿਸ਼ਵ ਪੱਧਰ 'ਤੇ ਹੀ ਦੇਸ਼ਾਂ, ਸਮਾਜਾਂ ਜਾਂ ਸਮੂਹਾਂ ਨੂੰ ਇਸ ਨਜ਼ਰੀਏ ਤੋਂ ਦੇਖਣ ਦੀ ਲੋੜ ਮਹਿਸੂਸ ਹੋਈ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਇਸ ਸੰਕਲਪ ਵਿਚ ਉਹ ਕਿਹੜੀਆਂ ਖ਼ਾਸੀਅਤਾਂ ਹਨ, ਜਿਨ੍ਹਾਂ ਕਰਕੇ ਵਿਸ਼ਵ ਭਰ ਦੇ ਦੇਸ਼ਾਂ ਜਾਂ ਸਮਾਜਾਂ ਦੇ ਬਹੁ-ਸਭਿਆਚਾਰਕ ਦ੍ਰਿਸ਼ਟੀ, ਸਿਧਾਂਤ, ਵਿਚਾਰਧਾਰਾ, ਪ੍ਰਵਚਨ, ਨੀਤੀ ਜਾਂ ਪ੍ਰੋਗਰਾਮਾਂ ਤਹਿਤ ਵੇਖਣ ਤੇ ਵਿਗਸਣ ਦੀ ਗੱਲ ਕੀਤੀ ਜਾਂਦੀ ਹੈ। ਬਹੁ-ਸਭਿਆਚਾਰਵਾਦ ਨੂੰ ਸਭਿਆਚਾਰਕ ਵਿਭਿੰਨਤਾਵਾਂ ਦੇ ਟਕਰਾਅ, ਸੰਵਾਦ ਤੇ ਚੁਣੌਤੀਆਂ ਦੇ ਪ੍ਰਸੰਗ ਵਿਚ ਇਕ ਸਮਕਾਲੀ ਰਾਜਨੀਤਕ ਪ੍ਰਵਚਨ ਅਤੇ ਫਿਲਾਸਫ਼ੀ ਵਿਚ ਡੀਬੇਟ ਵਜੋਂ ਲਿਆ ਜਾਂਦਾ ਰਿਹਾ ਹੈ ਜੋ 'ਨਸਲੀ, ਰਾਸ਼ਟਰੀ ਅਤੇ ਧਾਰਮਿਕ ਭਿੰਨਤਾਵਾਂ ਦੇ ਆਧਾਰ 'ਤੇ ਸਭਿਆਚਾਰਕ ਵਿਭਿੰਨਤਾ ਨਾਲ ਜੁੜੀਆਂ ਚੁਣੌਤੀਆਂ ਨੂੰ ਸਮਝਣ ਅਤੇ ਉਹਨਾਂ ਦਾ ਜਵਾਬ ਦੇਣ ਉਭਰਦੀ ਹੈ। 'ਬਹੁ-ਸਭਿਆਚਾਰਕ' ਸ਼ਬਦ ਨੂੰ ਅਕਸਰ ਇਕ ਸਮਾਜ ਵਿਚ ਵਿਭਿੰਨਤਾ ਦੀ ਹੋਂਦ ਜਾਂ ਤੱਥ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਪਰ ਬਾਅਦ ਵਿਚ ਇਹ ਪੱਛਮੀ ਉਦਾਰਵਾਦੀ ਲੋਕਤੰਤਰੀ ਸਮਾਜਾਂ ਦੇ ਸੰਦਰਭ ਵਿਚ ਘੱਟ ਗਿਣਤੀ ਸਮੂਹਾਂ ਦੀ ਆਪਣੀ ਵਿਲੱਖਣ ਸਮੂਹਿਕ ਪਛਾਣ ਅਤੇ ਅਭਿਆਸਾਂ ਨੂੰ ਕਾਇਮ ਰੱਖਣ ਵਾਲੇ ਇਕ ਆਦਰਸ਼ ਵਜੋਂ ਸਾਹਮਣੇ ਆਉਂਦਾ ਹੈ।'[1] ਬਹੁ-ਸਭਿਆਚਾਰਵਾਦ ਦੀ ਪ੍ਰਮੁੱਖ ਧਾਰਨਾ ਹੈ ਕਿ 'ਸਮਾਜ ਵਿਚ ਵੱਖਰੀਆਂ ਪਛਾਣਾਂ ਅਤੇ ਸਭਿਆਚਾਰਕ ਸਮੂਹਾਂ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ, ਉਨ੍ਹਾਂ ਦੀਆਂ ਪਛਾਣਾਂ ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਬਹੁ-ਸਭਿਆਚਾਰਵਾਦ, ਇਸ ਤਰ੍ਹਾਂ, ਸਭਿਆਚਾਰਕ ਵਿਭਿੰਨਤਾ ਅਤੇ ਘੱਟ ਗਿਣਤੀ ਦੇ ਹਾਸ਼ੀਏ 'ਤੇ ਹੋਣ ਕਾਰਨ ਪੈਦਾ ਹੋਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਕੋਸਸ਼ਿ ਕਰਦਾ ਹੈ।'[2] ਸੋ ਬਹੁ-ਸਭਿਆਚਾਰਵਾਦ ਤੋਂ ਭਾਵ ਕਿਸੇ ਦੇਸ਼, ਸਮਾਜ ਜਾਂ ਸਮੂਹ ਵਿਚ ਬਹੁਤ ਸਾਰੀਆਂ ਵਿਭਿੰਨਤਾਵਾਂ ਵਾਲੇ ਸਭਿਆਚਾਰਾਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਕਦਰਾਂ-ਕੀਮਤਾਂ, ਰਹਿਣ-ਸਹਿਣ, ਪਹਿਨਣ, ਖਾਣ-ਪੀਣ ਤੇ ਰੀਤੀ-ਰਿਵਾਜ਼ ਅਨੁਸਾਰ ਰਹਿਣ ਦੀ ਆਜ਼ਾਦੀ ਤੋਂ ਹੈ।

ਬਹੁ-ਸਭਿਆਚਾਰਵਾਦ, ਕਿਸੇ ਦੇਸ਼ ਵਿਚ ਵੱਖਰੀਆਂ ਕਦਰਾਂ-ਕੀਮਤਾਂ ਰੱਖਦੀਆਂ ਵਿਭਿੰਨ ਸਭਿਆਚਾਰਕ ਇਕਾਈਆਂ ਦਾ ਬਿਨ੍ਹਾਂ ਕਿਸੇ ਵੱਡੇ ਕਲੇਸ਼ ਤੋਂ ਇਕ ਸਹਿਹੋਂਦ (co-existence) ਤੇ ਬਰਾਬਰੀ ਦੇ ਰਿਸ਼ਤੇ ਵਿਚ ਬੱਝੇ ਹੋਣਾ ਅਤੇ ਖ਼ਾਸ ਕਰਕੇ ਘੱਟ-ਗਿਣਤੀ, ਕਮਜ਼ੋਰ ਜਾਂ ਗੌਣ ਸਭਿਆਚਾਰਾਂ ਦਾ ਬਹੁ-ਗਿਣਤੀ, ਤਾਕਤਵਰ ਜਾਂ ਭਾਰੂ ਸਭਿਆਚਾਰਾਂ ਵਿਚ ਆਪਣੀਆਂ ਅਮੀਰ ਪਰੰਪਰਾਵਾਂ ਤੇ

ਆਪਣੀ ਵਿਸ਼ੇਸ਼ ਪਛਾਣ ਨੂੰ ਕਾਇਮ ਰੱਖਣ ਦੇ ਅਧਿਕਾਰ ਪ੍ਰਾਪਤ ਹੋਣਾ, ਬਹੁ-ਸਭਿਆਚਾਰਵਾਦ ਵਿਚ ਰਹਿਣਾ ਹੈ।

ਇਉਂ ਇਹ ਮਾਨਵਵਾਦੀ ਤੇ ਆਦਰਸ਼ਕ ਸੋਚ ਵਜੋਂ ਉਭਰਦੀ ਹੈ ਤੇ ਮਾਨਵੀ ਨੈਤਿਕਤਾ ਵਿਚ ਪਰੁੱਚੀ ਹੋਣ ਦੇ ਕਾਰਨ, ਇਸ ਦ੍ਰਿਸ਼ਟੀ ਨੂੰ ਸਭਨਾਂ ਦੀ ਸਵੀਕ੍ਰਿਤੀ ਮਿਲੀ ਹੈ। ਭਾਵੇਂ ਬਹੁ-ਸਭਿਆਚਾਵਾਦ ਦੇ ਆਦਰਸ਼ਕ ਮਾਡਲ ਵਿਚ ਕੁਝ ਸਭਿਆਚਾਰਾਂ ਦੀਆਂ ਰੂੜੀਵਾਦੀ ਪ੍ਰਥਾਵਾਂ (ਜਣਨ ਅੰਗ ਵਿਕਾਰ (female genital mutilation) ਤੇ ਅਣਖ਼ ਖ਼ਾਤਰ ਕਤਲ (honour killing) ਤੇ ਕੱਟੜ ਪਛਾਣ ਵਰਗੀਆਂ ਕੁਰੀਤੀਆਂ ਨੂੰ ਜੀਵੰਤ ਰਹਿਣ ਦੀ ਸ਼ਹਿ ਮਿਲ ਜਾਂਦੀ ਹੈ। ਇਸ ਸਬੰਧੀ ਪ੍ਰੋ ਪ੍ਰੀਤਮ ਸਿੰਘ ਦੇ ਵਿਚਾਰ ਹਨ:

> ਬਹੁਸਭਿਆਚਾਰਵਾਦ ਦੇ ਨਾਮ ਹੇਠ ਕੁਝ ਪਿਛਾਂਹ-ਖਿੱਚੂ ਸੰਸਥਾਵਾਂ ਵੱਲੋਂ female mutilation or female circumcision ਜਾਂ ਅਣਖ਼ ਖ਼ਾਤਰ ਕਤਲ (honour killing) ਦਾ ਸਮਰਥਨ ਕੀਤਾ ਜਾਂਦਾ ਹੈ ਜਦੋਂ ਮਾਨਵੀ ਅਧਿਕਾਰਾਂ ਦੀਆਂ ਜਥੇਬੰਦੀਆਂ ਅਤੇ ਔਰਤ ਜਥੇਬੰਦੀਆਂ ਦੀ ਧੌੜੀ ਉਪਰ ਹੋਏ ਜ਼ੁਲਮ ਦਾ ਵਿਰੋਧ ਕਰਦੇ ਹੋਏ ਇੰਗਲੈਂਡ ਵਿਚ ਰੋਸ ਪ੍ਰਦਰਸ਼ਨ ਕੀਤਾ ਤਾਂ ਇਨ੍ਹਾਂ ਦੇਸ਼ਾਂ ਨਾਲ ਸਬੰਧਿਤ ਕੁਝ ਪਿਛਾਂਹ-ਖਿੱਚੂ ਸੋਚ ਵਾਲੇ ਲੋਕ ਕਹਿਣ ਲੱਗੇ ਕਿ ਇਹ ਤਾਂ ਸਾਡੇ ਸਭਿਆਚਾਰਕ ਪ੍ਰਥਾ (cultural practice) ਹੈ।[3]

ਇਸ ਦੇ ਬਾਵਜੂਦ ਬਹੁ-ਸਭਿਆਚਾਰਕ ਸਮਾਜਾਂ ਨੂੰ ਅਜਿਹੇ ਪਿਛਾਂਹ-ਖਿੱਚੂ ਵਰਤਾਰਿਆਂ, ਉਨ੍ਹਾਂ ਦੇ ਅਮਾਨਵੀ ਰੂਪ ਅਤੇ ਦੂਜੇ ਦੇ ਅਸਵੀਕਾਰ ਦੀ ਦੁਰ-ਭਾਵਨਾ ਨੂੰ ਪਛਾਣ ਕੇ ਇਸ ਪੱਖੋਂ ਸੁਚੇਤ ਹੋਇਆ ਜਾ ਸਕਦਾ ਹੈ। ਹਰ ਸਭਿਆਚਾਰ ਵਿਚ ਕਿਸੇ ਨਾ ਕਿਸੇ ਇਤਿਹਾਸਕ ਪੜਾਅ 'ਤੇ ਅਜਿਹੇ ਵਰਤਾਰੇ ਜਾਂ ਪ੍ਰਥਾਵਾਂ ਪ੍ਰਚਲਿਤ ਰਹੀਆਂ ਹੁੰਦੀਆਂ ਹਨ ਪਰ ਵਿਕਾਸ ਦੇ ਅਗਲੇ ਪੜਾਅ 'ਤੇ ਇਹ ਵਰਤਾਰੇ ਜਾਂ ਪ੍ਰਥਾਵਾਂ ਖ਼ਤਮ ਹੋ ਜਾਂਦੀਆਂ ਹਨ।

ਸੋ ਹੁਣ ਅਗਲਾ ਮੁੱਢਲਾ ਸੁਆਲ ਵਿਚਾਰਨਾ ਜ਼ਰੂਰੀ ਹੈ ਕਿ ਬਹੁ-ਸਭਿਆਚਾਵਾਦ ਦਾ ਸੰਕਲਪ ਕਿਹੜੇ ਕਿਹੜੇ ਤਰਕਾਂ/ਲੋੜਾਂ 'ਚੋਂ ਹੋਂਦ ਵਿਚ ਆਇਆ ਤੇ ਇਸਦੇ ਕਿਹੜੇ-ਕਿਹੜੇ ਆਧਾਰ ਬਣਦੇ ਹਨ? ਤਾਂ ਕਿ ਇਸਦੀ ਪ੍ਰਕ੍ਰਿਤੀ, ਪ੍ਰਸਪੈਕਟਿਵ ਤੇ ਮਹੱਤਵ ਹੋਰ ਸਪੱਸ਼ਟ ਹੋ ਜਾਵੇ। ਬਹੁ-ਸਭਿਆਚਾਵਾਦ ਨੂੰ 20ਵੀਂ ਸਦੀ ਦੇ ਦੂਜੇ ਅੱਧ ਜਾਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਸਮੇਂ ਨਾਲ ਜੋੜਿਆ ਜਾਂਦਾ ਹੈ। 'ਬਹੁ ਸਭਿਆਚਾਰਵਾਦ ਦੂਜੀ ਵਿਸ਼ਵ ਜੰਗ ਤੋਂ ਬਾਅਦ ਦਾ ਵਰਤਾਰਾ ਹੈ। ਇਹ ਇਕਦਮ ਦੂਜੀ ਵਿਸ਼ਵ ਜੰਗ ਦੇ ਬਾਅਦ ਦਾ ਵਰਤਾਰਾ ਵੀ ਨਹੀਂ ਕਿਉਂਕਿ ਦੂਜੀ ਵਿਸ਼ਵ ਜੰਗ ਦੇ ਬਾਅਦ ਜਿਹੜਾ ਤਰੱਕੀ ਵਾਲਾ ਪੂੰਜੀਵਾਦ (advanced capitalism) ਜਿਵੇਂ ਯੂਰਪ ,ਅਮਰੀਕਾ ਕੁਝ ਹੱਦ ਤਕ ਜਾਪਾਨ ਵਿਚ ਅਤੇ ਕੁਝ ਈਸਟ ਏਸ਼ੀਅਨ ਦੇਸ਼ਾਂ ਜਿਵੇਂ ਤਾਈਵਾਨ, ਸਿੰਘਾਪੁਰ, ਸਾਊਥ ਕੋਰੀਆ ਆਦਿ ਵਿਚ ਉੱਨਤ ਹੋਇਆ, ਉਸ ਨੂੰ ਪੂੰਜੀਵਾਦ ਦਾ ਸੁਨਹਿਰੀ ਯੁੱਗ (golden age) ਕਿਹਾ ਜਾਂਦਾ ਹੈ। ਗਰੇਟ ਬਿਰਟੇਨ ਮੂਲ ਰੂਪ ਵਿਚ ਵੰਨ ਸੁਵੰਨੀਆਂ ਸਭਿਆਚਾਰਕ ਪਛਾਣਾਂ ਰੱਖਣ ਵਾਲਾ ਅਤੇ ਖੇਤੀਬਾੜੀ ਕੇਂਦਰਿਤ ਇਕ ਬਹੁ-ਕੌਮੀ, ਬਹੁ-ਖੇਤਰੀ ਅਤੇ ਬਹੁ-ਭਾਸਾਈ ਦੇਸ਼ ਸੀ ਪਰ ਇੰਗਲੈਂਡ ਦੇ ਖਿੱਤੇ ਵਿਚ 1760 ਈਸਵੀ ਵਿਚ ਸ਼ੁਰੂ ਹੋਈ, ਉਦਯੋਗਿਕ ਕ੍ਰਾਂਤੀ ਨੇ ਸਾਰਾ ਦ੍ਰਿਸ਼ ਬਦਲ ਦਿਤਾ। ਉਦਯੋਗਿਕ ਇਨਕਲਾਬ ਵਿਚ ਪਹਿਲ ਸਦਕਾ ਇਥੋਂ (ਇੰਗਲੈਂਡ) ਦੇ ਲੋਕ ਅਤੇ ਨਾਂ ਦਾ ਸਭਿਆਚਾਰ ਹੌਲੀ ਹੌਲੀ ਬਾਕੀ ਕੌਮੀਅਤਾਂ ਅਤੇ ਸਭਿਆਚਾਰਕ ਪਛਾਣ ਉਪਰ ਭਾਰੂ ਹੋਣਾ ਆਰੰਭ ਹੋ ਗਿਆ।'[4] ਇਹ ਦੌਰ ਬਸਤੀਆਂ ਦੇ ਸੁਤੰਤਰ ਹੋਣ ਦਾ ਦੌਰ ਹੈ ਤੇ ਅਸੀਂ ਇਸਨੂੰ ਉਤਰ-ਬਸਤੀਵਾਦੀ ਦੌਰ ਨਾਲ ਵੀ ਯਾਦ ਕਰਦੇ ਹਾਂ। ਇਹ ਪੱਛਮੀ ਪੁਨਰ-ਨਿਰਮਾਣ ਦਾ ਦੌਰ ਵੀ ਮੰਨਿਆਂ ਜਾਂਦਾ ਹੈ, ਜਦੋਂ ਤੀਜੀ ਉਦਯੋਗਿਕ ਕ੍ਰਾਂਤੀ ਜ਼ੋਰ ਫੜ੍ਹਦੀ ਹੈ ਅਤੇ ਆਰਥਿਕ ਤਰੱਕੀ ਲਈ ਵੱਡੇ ਪੱਧਰ 'ਤੇ ਉਦਪਾਦਨ ਕਰਨ ਦੀ ਨੀਤੀ ਅਪਣਾਈ ਜਾਂਦੀ ਹੈ।

ਇਸ ਸਭ ਕੁਝ ਲਈ, ਵੱਖ-ਵੱਖ ਧੰਦਿਆਂ ਲਈ ਜਾਂ ਫੈਕਟਰੀਆਂ ਨੂੰ ਵੱਡੇ ਪੱਧਰ 'ਤੇ ਮਜ਼ਦੂਰਾਂ ਤੇ ਨਿਪੁੰਨ ਕਾਰੀਗਰਾਂ ਦੀ ਲੋੜ ਪੈਂਦੀ ਹੈ ਜੋ ਉਥੋਂ ਦੀ ਘੱਟ ਸਥਾਨਕ ਵਸੋਂ ਵਿਚੋਂ ਪੂਰੀ ਨਹੀਂ ਹੋ ਸਕਦੀ। ਸੋ ਇਹ ਵੱਧ ਆਬਾਦੀ ਵਾਲੇ ਘੱਟ ਵਿਕਸਤ ਦੇਸਾਂ ਤੋਂ ਹੀ ਪੂਰੀ ਹੁੰਦੀ ਹੋਣ ਕਰਕੇ, ਵੱਡੀ ਪੱਧਰ 'ਤੇ ਪਰਵਾਸ ਰਾਹੀਂ ਹੀ ਭਰਪਾਈ ਹੁੰਦੀ ਹੈ। ਇਨ੍ਹਾਂ ਦੇਸਾਂ ਵਿਚ ਬੇਰੁਜ਼ਗਾਰਾਂ ਦੀਆਂ ਕਤਾਰਾਂ ਲੱਗੀਆਂ ਹੋਣ ਕਾਰਨ ਇਥੋਂ ਸਸਤੀ ਲੇਬਰ ਮਿਲਣ ਕਰਕੇ ਵੀ ਉਦਯੋਗਪਤੀਆਂ ਨੂੰ ਦੋਹਰਾ ਫਾਇਦਾ ਹੁੰਦਾ ਹੈ ਪਰ ਇਸ ਭਰਪਾਈ ਵਿਚ ਨਸਲਵਾਦੀ ਰੁਝਾਨ ਅੜਚਨ ਬਣਦਾ ਹੈ। ਸਧਾਰਨ ਪੱਧਰ ਦਾ ਗੋਰਾ ਪਰਵਾਸੀ ਕਾਮਿਆਂ ਜਾਂ ਕਾਰੀਗਰਾਂ ਨਾਲ ਈਰਖਾ ਕਰਦਾ ਹੈ, ਵੱਖਰੇ ਰਹਿਣ ਸਹਿਣ , ਖਾਣ-ਪੀਣ ਜਾਂ ਰੰਗ ਤੇ ਨਸਲ ਭੇਦ ਕਰਕੇ ਮਾੜਾ ਵਿਹਾਰ ਕਰਦਾ ਹੈ। ਦੂਜੇ

ਪਾਸੇ ਉਦਯੋਗਪਤੀਆਂ ਨੂੰ ਵੱਧ ਮੁਨਾਫ਼ੇ ਲਈ ਸਸਤੀ ਲੇਬਰ ਤੇ ਸਸਤਾ ਨਿਪੁੰਨ ਜਾਂ ਕੁਸ਼ਲ ਬੰਦਾ ਚਾਹੀਦਾ ਹੈ, ਭਾਵੇਂ ਕਿਸੇ ਵੀ ਦੇਸ਼, ਜਾਤ, ਰੰਗ, ਨਸਲ ਦਾ ਹੋਵੇ। ਅਜਿਹੇ ਪਰਵਾਸੀਆਂ ਲਈ ਉਹ ਆਪਣੇ ਮੁਲਕ ਵਿਚ ਰੁਜ਼ਗਾਰ ਦੇ ਇਜ਼ਤ-ਮਾਣ ਵਾਲੇ ਦਰਵਾਜ਼ੇ ਖੋਲ੍ਹਦੇ ਹਨ।

ਸੋ ਇਕ-ਸਭਿਆਚਾਰਵਾਦ (mono-culturism) ਤੇ ਨਸਲਵਾਦੀ ਰਵੱਈਏ ਕਾਰਨ ਉਦਯੋਗਿਕ ਤੇ ਆਰਥਿਕ ਤਰੱਕੀ ਦੀ ਰਫ਼ਤਾਰ ਵਿਚ ਪੈਂਦੀ ਰੁਕਾਵਟ ਨੂੰ ਰੋਕਣ ਲਈ, ਪੱਛਮੀ ਦੇਸਾਂ ਵਿਚ 1960 ਤੋਂ ਬਾਅਦ ਨਸਲਵਾਦ ਵਿਰੋਧੀ ਕਾਨੂੰਨ ਬਣਨੇ ਸ਼ੁਰੂ ਹੁੰਦੇ ਹਨ ਅਤੇ ਮੋਨੋ-ਕਲਚਰਲ ਦੀ ਥਾਂ ਬਹੁ-ਸਭਿਆਚਾਰਵਾਦ ਲਈ ਸਪੇਸ ਬਣਦੀ ਹੈ। ਕਨੇਡਾ-ਅਮਰੀਕਾ ਵਰਗੇ ਦੇਸ਼ ਘੱਟ ਗਿਣਤੀ ਪਰਵਾਸੀ ਭਾਈਚਾਰਿਆਂ ਲਈ ਆਪਣੇ ਅੰਦਰ ਨਵੀਂ ਸਤਿਕਾਰਤ ਥਾਂ/ਸਪੇਸ ਮੁਹੱਈਆ ਕਰਦੇ ਹਨ। ਸੋ ਇਕ ਤਾਂ ਇਸ ਆਰਥਿਕ ਤਰਕ ਵਿਚੋਂ ਜਾਂ ਲੋੜ ਵਿਚੋਂ ਇਹ ਬਹੁ-ਸਭਿਆਚਾਰਵਾਦ ਦਾ ਵਰਤਾਰਾ ਉਪਜਦਾ ਹੈ।

ਦੂਜਾ, ਦੂਸਰਿਆਂ ਸਭਿਆਚਾਰਾਂ ਦੇ ਲੋਕਾਂ ਵਿਚ ਕੰਮ ਕਰਨ ਵਾਲਿਆਂ ਵਿਚਲੀ ਸ਼ਿੱਦਤ ਤੇ ਹੁਨਰਮੰਦੀ ਵੀ ਪੂੰਜੀਪਤੀਆਂ ਦੀ ਪਹਿਲੀ ਪਸੰਦ ਹੋਣ ਕਾਰਨ ਬਹੁ-ਸਭਿਆਚਾਰਵਾਦ ਵੱਲ ਰਾਹ ਖੋਲ੍ਹਦੀ ਹੈ।

ਤੀਜਾ, ਇਸ ਪਿੱਛੇ ਉਸ ਆਧੁਨਿਕਤਾਵਾਦੀ ਸੋਚ ਜਾਂ ਮੈਟਾ-ਬਿਰਤਾਂਤ ਦਾ ਪ੍ਰਤੀਕਰਮ ਵੀ ਕਾਰਜਸ਼ੀਲ ਹੈ ਜੋ ਪੂਰੇ ਵਿਸ਼ਵ ਵਿਚ ਸਭ ਕੌਮਾਂ, ਸਭਿਆਚਾਰਾਂ ਜਾਂ ਸਮੂਹਾਂ ਨੂੰ ਏਕੀਕਰਨ ਜਾਂ ਸਮੁੱਚਤਾ ਵਿਚ ਢਾਲ਼ ਲੈਣਾ ਚਾਹੁੰਦੀ ਸੀ। ਇਸ ਨਾਲ ਤਾਕਤਵਰ ਧਿਰ ਦੂਜੇ ਵੱਖ-ਵੱਖ ਸਭਿਆਚਾਰਾਂ ਦੀ ਵਿਲੱਖਣ ਪਛਾਣ ਨੂੰ ਮਿਟਾ ਕੇ ਆਪਣਾ ਏਕਾਧਿਕਾਰ ਸਥਾਪਤ ਕਰਨ ਦਾ ਯਤਨ ਕਰਦੀ ਹੈ। ਇਸ ਸਮੁੱਚਤਾਵਾਦੀ ਤੇ ਸਭਿਆਚਾਰਕ ਨਸਲਮੁਖਤਾ ਵਾਲੀ ਸੋਚ ਦੇ ਵਿਰੋਧ ਵਿਚ ਸਭਿਆਚਾਰਕ ਸਾਪੇਖਤਾ ਵਾਲੀ ਸੋਚ ਉਭਰਨੀ ਸ਼ੁਰੂ ਹੁੰਦੀ ਹੈ, ਜਿਸਨੂੰ ਉਤਰ-ਆਧੁਨਿਕ ਤੇ ਉਤਰ-ਬਸਤੀਵਾਦੀ ਪ੍ਰਵਚਨ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਹ ਪ੍ਰਵਚਨ ਛੋਟੀਆਂ ਇਕਾਈਆਂ, ਅਨੇਕਤਾ, ਵੱਖਰਤਾ ਤੇ ਸਥਾਨਕਤਾ ਦੀ ਹਾਮੀ ਭਰਦਾ ਹੈ। ਇਸ ਸੋਚ ਅਨੁਸਾਰ ਵੱਖ-ਵੱਖ ਸਭਿਆਚਾਰਾਂ ਵਿਚ ਅਜਿਹੀਆਂ ਵਿਲੱਖਣਤਾਵਾਂ ਹੁੰਦੀਆਂ ਹਨ ਜੋ ਉਨ੍ਹਾਂ ਦੀ ਹੋਂਦ ਨੂੰ ਗੌਰਵਸ਼ੀਲ ਬਣਾਉਂਦੀਆਂ ਹਨ। ਹਰ ਇਕ ਭਾਈਚਾਰੇ ਜਾਂ ਕਮਿਊਨਿਟੀ ਦਾ ਇਕ ਆਪਣਾ ਤਰਕ ਹੁੰਦਾ ਜੋ ਉਸ ਲਈ ਬਹੁਤ ਗੌਰਵਸ਼ੀਲ ਹੁੰਦਾ ਹੈ। ਉਸ ਨਾਲ ਸੰਵਾਦ ਵਿਚ ਪੈਣ ਦੀ ਲੋੜ ਹੁੰਦੀ ਹੈ। ਇਕ ਰਾਸ਼ਟਰਵਾਦ, ਏਕੀਕਰਨ ਜਾਂ ਸਮੁੱਚਤਾ ਦੇ ਨਾਂ 'ਤੇ ਉਨ੍ਹਾਂ ਵਿਲੱਖਣਤਾਵਾਂ ਨੂੰ ਸਵੀਕਾਰ ਨਾ ਕਰਨਾ, ਮਿਟਾ ਦੇਣਾ, ਹਾਸ਼ੀਏ 'ਤੇ ਧੱਕ ਦੇਣਾ ਜਾਂ ਦਬਾ ਦੇਣਾ, ਇਕ-ਸਭਿਆਚਾਰਵਾਦ (mono-culturalism) ਦੀ ਰੁਚੀ ਹੈ ਤੇ ਇਹ ਘੱਟ ਗਿਣਤੀ ਜਾਂ ਕਮਜ਼ੋਰ ਸਭਿਆਚਾਰਾਂ ਨਾਲ ਧੱਕਾ ਹੈ, ਹਿੰਸਾ ਹੈ। ਇਹ ਇਕ ਤਰ੍ਹਾਂ ਦਾ ਨਵ-ਬਸਤੀਵਾਦ ਹੀ ਹੈ।

ਸੋ ਵਿਚਾਰਧਾਰਕ ਤੌਰ 'ਤੇ ਜਾਂ ਪ੍ਰਵਚਨ ਦੀ ਪੱਧਰ 'ਤੇ ਨਵ-ਬਸਤੀਵਾਦ ਜਾਂ ਆਧੁਨਿਕਤਾਵਾਦੀ ਇਕ-ਸਭਿਆਚਾਰਵਾਦੀ ਰਵੱਈਏ ਦੇ ਵਿਰੋਧ ਵਿਚ ਬਹੁ-ਸਭਿਆਚਾਰਵਾਦ ਦਾ ਸੰਕਲਪ ਸਾਹਮਣੇ ਆਉਂਦਾ ਹੈ ਜਿਸ ਨੂੰ ਉਭਾਰਨ ਵਿਚ ਉਤਰ-ਆਧੁਨਿਕ ਤੇ ਉਤਰ-ਬਸਤੀਵਾਦੀ ਚਿੰਤਨ ਦੀ ਅਹਿਮ ਭੂਮਿਕਾ ਹੈ।

ਚੌਥਾ, ਇਸ ਬਹੁ-ਸਭਿਆਚਾਰਵਾਦ ਦੇ ਉਭਾਰ ਵਿਚ ਦੂਜੇ ਵਿਸ਼ਵ-ਯੁੱਧ ਦੀ ਤਬਾਹੀ ਤੋਂ ਬਾਅਦ ਉੱਠੀਆਂ ਮਾਨਵਵਾਦੀ ਸੁਰਾਂ ਦਾ ਵੀ ਅਹਿਮ ਯੋਗਦਾਨ ਹੈ, ਜਿਨ੍ਹਾਂ ਨੇ ਨੈਤਿਕ ਤੌਰ 'ਤੇ ਸਭ ਮਨੁੱਖਾਂ ਲਈ ਬਰਾਬਰ ਦੇ ਅਧਿਕਾਰਾਂ ਦੀ ਗੱਲ ਕੀਤੀ। ਯੂ.ਐਨ.ਓ. ਦੀ ਸਥਾਪਨਾ ਤੇ ਉਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨੈਤਿਕਤਾ ਤੇ ਮਨੁੱਖੀ ਬਰਾਬਰੀ ਦੇ ਤਰਕ ਨੇ ਐਸਾ ਜ਼ੋਰ ਫੜਿਆ ਕਿ ਮਨੁੱਖਾਂ ਨੂੰ ਰੰਗ, ਨਸਲ, ਜ਼ਾਤ, ਧਰਮ, ਲਿੰਗ ਜਾਂ ਅਪਾਹਿਜਪੁਣੇ ਕਰਕੇ ਵਿਤਕਰਾ ਕੀਤਾ ਜਾਣਾ, ਅਪਰਾਧ ਮੰਨਿਆਂ ਜਾਣ ਲੱਗਾ ਅਤੇ ਕੱਟੜ ਵਿਵਸਥਾ ਵਾਲੇ ਦੇਸਾਂ ਵਿਚ ਵੀ ਬਹੁ-ਸਭਿਆਚਾਰਵਾਦ ਨੂੰ ਸਪੇਸ ਮਿਲਣ ਲੱਗੀ। ਸੋ ਬਹੁ-ਸਭਿਆਚਾਵਾਦ ਦਾ ਵਰਤਾਰਾ ਉਪਰੋਕਤ ਤਰਕਾਂ, ਲੋੜਾਂ ਜਾਂ ਸਥਿਤੀਆਂ ਵਿਚੋਂ ਹੋਂਦ ਵਿਚ ਆਇਆ ਤੇ ਪ੍ਰਫੁੱਲਿਤ ਹੋਇਆ ਹੈ।

ਬਹੁ-ਸਭਿਆਚਾਵਾਦ ਦੇ ਵੱਖ-ਵੱਖ ਦੇਸ਼ਾਂ ਜਾਂ ਮਹਾਂਦੀਪਾਂ ਵਿਚ ਵੱਖਰੇ ਵੱਖਰੇ ਸਰੂਪ ਹਨ। ਵਿਸ਼ਵ ਪੱਧਰ 'ਤੇ ਬਹੁਤ ਸਾਰੇ ਬੰਦ ਕਮਿਊਨਿਟੀ ਵਾਲੇ ਦੇਸ਼ ਹਨ, ਜਿਥੇ ਅਜੇ ਵੀ ਇਕ-ਸਭਿਆਚਾਰਵਾਦ ਦਾ ਬੋਲਬਾਲਾ ਹੈ ਤੇ ਜਾਪਾਨ, ਨੌਰਥ ਕੋਰੀਆ, ਬਰਮਾ ਤੇ ਅਰਬ ਦੇਸਾਂ ਵਿਚ ਦੂਜੇ ਸਭਿਆਚਾਰਾਂ ਲਈ ਬਹੁਤੀ ਥਾਂ ਨਹੀਂ ਹੈ। ਯੂਰਪ ਦੇ ਕੁਝ ਦੇਸ਼ਾਂ ਜਰਮਨ-ਫਰਾਂਸ ਆਦਿ ਵਿਚ ਵੀ ਫ਼ਾਸੀਵਾਦੀ ਰਵੱਈਏ ਦਾ ਚਲਨ ਹੈ ਜੋ ਦੂਜੇ ਦੇ ਸਭਿਆਚਾਰ ਤੋਂ ਤੋੜ ਕੇ ਆਪਣੇ ਸਭਿਆਚਾਰ ਵਿਚ ਵਿਲੀਨ ਹੋ ਜਾਣ ਦੀ ਹਾਮੀ ਭਰਦਾ ਹੈ। ਅਮਰਜੀਤ ਸਿੰਘ ਗਰੇਵਾਲ ਪਾਉਲਾਂਤਜ਼ਾਸ (Nicos Poulantzas) ਦੀ ਪੁਸਤਕ, **ਫਾਸਿਜਿਮ ਐਂਡ ਡਿਕਟੇਟਰਸ਼ਿਪ** ਦਾ ਹਵਾਲਾ ਦੇ ਕੇ "ਉਸ ਵਿਚਾਰਧਾਰਾਈ (ideological) ਸੰਕਟ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਵਿਚੋਂ

ਫਾਸੀਵਾਦ ਦਾ ਜਨਮ ਹੁੰਦਾ ਹੈ। ਇਸ ਵਿਚਾਰਧਾਰਾਈ ਸੰਕਟ ਦੀ ਜਟਿਲਤਾ ਨੂੰ ਸਮਝਣ ਲਈ ਉਹਨਾਂ ਸਾਰੇ ਵਿਚਾਰਧਰਾਈ ਤੱਤਾਂ ਦੀ ਪਹਿਚਾਣ ਤਾਂ ਕਰ ਲੈਂਦੇ ਹਨ ਜਿਹੜੇ ਵਿਚਾਰਧਰਾਈ ਤੱਤ ਇਕ ਵੱਡਪਾਊ ਏਕਤਾ (ruptural unity) ਵਿਚ ਬੱਝ ਕੇ ਫਾਸੀਵਾਦ ਨੂੰ ਜਨਮ ਦਿੰਦੇ ਹਨ। ਇਹ ਤੱਤ ਉਸ ਵੱਡਪਾਊ ਜਾਂ ਯੁਗ ਪਲਟਾਊ ਏਕਤਾ ਵਿਚ ਕਿਵੇਂ ਬੱਝਦੇ ਹਨ, ਦੀ ਪਹਿਚਾਣ ਨਹੀਂ ਕਰ ਪਾਉਂਦੇ।'[6] ਇਉਂ ਫ਼ਾਸੀਵਾਦੀ ਦਾ ਨਵ-ਰਵੱਈਆ ਦੂਜੇ ਦੇ ਸਭਿਆਚਾਰ ਤੋਂ ਤੋੜ ਕੇ ਆਪਣੇ ਸਭਿਆਚਾਰ ਵਿਚ ਵਿਲੀਨ ਕਰਦਾ ਜਾਂਦਾ ਹੈ, ਇਥੇ ਉਹ ਦੂਜੇ ਨੂੰ ਸਵੀਕਾਰ ਤੇ ਕਰਦਾ ਹੈ ਪਰ ਆਪਣੇ 'ਚ ਮਿਲਾ ਕੇ। ਪ੍ਰੋ. ਪ੍ਰੀਤਮ ਸਿੰਘ ਆਪਣੇ ਪੇਪਰ ਵਿਚ ਇਸਨੂੰ ਵੀ ਬਹੁ-ਸਭਿਆਚਾਰ ਦੀ ਇਕ ਕਿਸਮ ਦੱਸਦੇ ਹਨ ਪਰ ਅਸਲ ਵਿਚ ਇਹ ਇਕ-ਸਭਿਆਚਾਰਵਾਦ ਹੀ ਹੈ ਜੋ ਫ਼ਾਸੀਵਾਦ ਦੇ ਨਵਿਆਇਆ ਰੂਪ ਹੀ ਹੈ ਤੇ ਆਪਣੇ ਲੁਕੇ ਏਜੰਡੇ 'ਤੇ ਕਾਰਜਸ਼ੀਲ ਹੈ।

ਦੂਜੇ ਪਾਸੇ ਅਮਰੀਕਾ-ਕਨੇਡਾ ਵਿਚਲਾ ਬਹੁ-ਸਭਿਆਚਾਰਵਾਦ ਹੈ ਜਿਸ ਵਿਚ ਵਿਸ਼ਵ ਭਰ ਦੇ 600 ਤੋਂ ਵੱਧ ਭਾਈਚਾਰੇ ਹਨ, ਜੋ ਕਿ 50 ਤੋਂ ਵੱਧ ਰਾਸ਼ਟਰਾਂ ਅਤੇ 50 ਸਵਦੇਸ਼ੀ ਭਾਸ਼ਾਵਾਂ ਬੋਲਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਪਣੇ ਸਭਿਆਚਾਰ ਅਨੁਸਾਰ ਵਿਭਿੰਨਤਾਵਾਂ ਸਹਿਤ ਰਹਿਣ ਦੀ ਆਜ਼ਾਦੀ ਹੈ। ਇਵੇਂ ਹੀ ਇੰਗਲੈਂਡ, ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿਚ ਥੋੜੇ ਬਹੁਤੇ ਫਰਕ ਨਾਲ ਬਹੁ-ਸਭਿਆਚਾਰਵਾਦ ਪ੍ਰਫੁਲਿਤ ਹੋਇਆ। ਸੋ ਇਵੇਂ ਹੀ ਹੋਰਨਾ ਦੇਸ਼ਾਂ ਵਿਚ ਬਹੁ-ਸਭਿਆਚਾਰ ਦੀ ਸਥਿਤੀ ਵੱਖਰੀ-ਵੱਖਰੀ ਹੈ ਤੇ ਦੇਸ਼ਾਂ ਦੀਆਂ ਆਪਣੀਆਂ ਅੰਦਰੂਨੀ ਲੋੜਾਂ ਜਾਂ ਬਣਤਰਾਂ ਵਿਚ ਇਸਦਾ ਸਰੂਪ ਅਲੱਗ ਅਲੱਗ ਹੈ।

### ਅਜੋਕਾ ਪੰਜਾਬੀ ਪਰਵਾਸ ਤੇ ਬਹੁ-ਸਭਿਆਚਾਰਵਾਦ ਦਾ ਵਰਤਾਰਾ

ਹੁਣ ਸੁਆਲ ਹੈ ਕਿ ਇਸ ਬਹੁ-ਸਭਿਆਚਾਰਵਾਦ ਦੇ ਵਰਤਾਰੇ ਵਿਚ ਅਜੋਕੇ ਪੰਜਾਬੀ ਪਰਵਾਸ ਦੀ ਕੀ ਸਥਿਤੀ ਬਣਦੀ ਹੈ ਅਤੇ ਇਹ ਕਿਸ ਦਿਸ਼ਾ ਵੱਲ ਜਾ ਰਿਹਾ ਹੈ? ਭਵਿੱਖ ਵਿਚ ਕੀ ਇਹ ਆਪਣੀ ਮੌਜੂਦਾ ਵਿਲੱਖਣ ਪਛਾਣ ਕਾਇਮ ਰੱਖ ਸਕੇਗਾ ਜਾਂ ਇਹ ਤਬਦੀਲ ਹੋ ਜਾਵੇਗੀ?

ਦੂਜੇ ਸੁਆਲ ਦਾ ਸਹੀ ਜੁਆਬ ਤਾਂ ਭਵਿੱਖ ਦੇ ਗਰਭ 'ਚ ਹੀ ਪਿਆ ਹੈ। ਇਹ ਪੰਜਾਬੀਆਂ ਦੀ ਰਣਨੀਤੀ 'ਤੇ ਨਿਰਭਰ ਕਰੇਗਾ ਕਿ ਉਹ ਆਪਣੇ ਵਿਚ ਕਿੰਨੀ ਸਮੇਂ ਦੇ ਹਾਣ ਦੀ ਸਿਆਸੀ, ਸਭਿਆਚਾਰਕ, ਵਿਦਿਅਕ ਸਮਰੱਥਾ ਤੇ ਚੇਤਨਾ ਭਰ ਲੈਂਦੇ ਹਨ ਕਿ ਜਿਸ ਨਾਲ ਆਪਣੀ ਵਿਲੱਖਣ ਤੇ ਨਵੀਂ ਪਛਾਣ ਵੀ ਬਣਾ ਸਕਣ। ਪੰਜਾਬੀ ਪਰਵਾਸੀਆਂ ਦੀ ਨਵੀਂ ਪੀੜ੍ਹੀ ਨਿਰਸੰਦੇਹ ਹੋਸਟ ਸਭਿਆਚਾਰ ਵਿਚ ਜਨਮੀ ਤੇ ਪਲ਼ੀ ਹੈ, ਉਹ ਆਪਣੇ ਮੂਲ ਤੇ ਹੋਸਟ ਸਭਿਆਚਾਰਾਂ ਵਿਚੋਂ ਨਵੀਂ ਹਾਈਬ੍ਰਿਡ ਪਛਾਣ ਬਣਾਉਂਦੀ ਹੈ। 'ਅਸਲ ਵਿਚ ਪਰਵਾਸੀ ਪੰਜਾਬੀ ਬੇਗਾਨੇ ਸਭਿਆਚਾਰ ਦੀ ਜਗ੍ਹਾ ਨਵਾਂ ਆਯਾਮ ਕਾਇਮ ਕਰਨ ਦੀ ਕੋਸ਼ਿਸ਼ ਵਿਚ ਹਨ। ਉਤਰ-ਆਧੁਨਿਕ ਚਿੰਤਨ ਦੇ ਅਨੁਕੂਲ ਅਜਿਹਾ ਯਤਨ ਆਪਣੀ ਪਛਾਣ, ਆਪਣੇ ਮੂਲ ਦੇਸ਼ ਦੇ ਸਭਿਆਚਾਰ ਅਤੇ ਵਸੇਬੇ ਜਾਂ ਕਰਮਭੂਮੀ ਦੇ ਦੇਸ਼ ਦੇ ਸਭਿਆਚਾਰ ਦਾ ਸਮਾਨੰਤਰ, ਇਕ ਤੀਜੇ ਬਦਲ (ਥਰਡ ਸਪੇਸ) ਵਜੋਂ ਤਲਾਸ਼ਣ ਦਾ ਬਣਦਾ ਹੈ। ਦੂਜੇ ਸ਼ਬਦਾਂ ਵਿਚ ਦੋ ਸਭਿਆਚਾਰਾਂ ਪ੍ਰਤੀ ਖਿੱਚ ਨਾਲ ਪਰਵਾਸੀ ਪੰਜਾਬੀਆਂ ਦੀ ਤ੍ਰੇੜੀ ਸ਼ਖ਼ਸੀਅਤ (Fractured identity) ਵਿਚ ਇਕਾਗਰਤਾ ਪੈਦਾ ਕਰਨ ਦੀ ਸੋਝੀ ਪ੍ਰਾਪਤ ਕਰਨ ਦਾ ਵਕਤ ਹੈ। ਬਹੁ-ਪੱਖੀ ਪਛਾਣ (Multifarious identity) ਦੇ ਸੰਕਲਪ ਨੇ ਇਹ ਮਸਲਾ ਸਿਧਾਂਤਕ ਪੱਧਰ ’ਤੇ ਕਾਫੀ ਹੱਦ ਤਕ ਹੱਲ ਕਰ ਦਿੱਤਾ ਹੈ। ਸਟੂਅਰਟ ਹਾਲ ਨੇ ਵਿਭਿੰਨ ਸਭਿਆਚਾਰਕ ਤਣਾਵਾਂ ਰਾਹੀਂ ਢਲਣ ਵਾਲੀ ਅਜਿਹੀ ਪਰਵਾਸੀ ਪਛਾਣ ਦੇ ਨਿਰੰਤਰ ਪਰਿਵਰਤਨ ਹੋਣ ਦੀ ਧਾਰਨਾ ਦਿੱਤੀ ਹੈ। ...ਇਸ ਧਾਰਨਾ ਸਦਕਾ ਪਰਵਾਸੀ ਪੰਜਾਬੀਆਂ ਦੀ ਮਿਸ਼ਤਰਤ (hybrid) ਭਾਂਤ ਦੀ ਸਭਿਆਚਾਰਕ ਪਛਾਣ ਇਕ ਸਹਿਜ ਵਰਤਾਰਾ ਜਾਪਣ ਲੱਗ ਪਈ ਹੈ।'[7]

ਇਸੇ ਤਰ੍ਹਾਂ 'ਸੰਸਾਰ ਪੱਧਰ ਤੇ ਵਿਆਪਕ ਹੋ ਰਹੀ ਨਵੀਂ ਸਮਾਜਕ ਤੇ ਸਭਿਆਚਾਰਕ ਸਥਿਤੀ (ਜਿਸਨੂੰ ਤਕਨੀਕੀ ਸ਼ਬਦਾਂ ਵਿਚ ਉੱਤਰ-ਬਸਤੀਵਾਦੀ(post-colonial) ਸਥਿਤੀ ਕਿਹਾ ਜਾਂਦਾ ਹੈ) ਵਲੋਂ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਸਿਰਜੇ ਗਏ ਬਸਤੀਕਾਰ (colonizer) ਅਤੇ ਬਸਤੀਕ੍ਰਿਤ (colonized) ਲੋਕਾਂ ਦੇ ਆਪਸੀ ਰਿਸ਼ਤੇ ਨਾਲ ਜੁੜੇ ਸਾਰੇ ਵਿਚਾਰ-ਮੰਡਲਾਂ ਨੂੰ ਖ਼ਤਮ ਕਰਨ ਦੀ ਕੋਸਸ਼ਿ ਕੀਤੀ ਜਾ ਰਹੀ ਹੈ। ਇਸ ਸਥਿਤੀ ਵਿਚ ਅੱਵਲ ਦੁਨੀਆਂ,ਦੂਜੀ ਦੁਨੀਆਂ ਅਤੇ ਤੀਜੀ ਦੁਨੀਆਂ ਦੀਆਂ ਬਹੁ-ਪਾਸਾਰੀ ਵੰਡਾਂ ਨੂੰ ਨਿਆਇਸ਼ੀਲਤਾ ਪ੍ਰਦਾਨ ਕਰਨ ਵਾਲੇ ਗਿਆਨ ਅਤੇ ਸਮਝ ਨੂੰ ਖ਼ਤਮ ਕਰਕੇ ਪਰੰਪਰਕ ਸਭਿਅਕ/ਜ਼ਾਹਲ, ਵਿਕਸਤ/ਅਵਿਕਸਤ, ਹੋਮ/ਬਸਤੀ, ਯੂਰਪੀ/ਦੁਰਾਡੇ ਆਦਿ ਨਾਲ ਜੁੜੇ ਚਿਹਨ ਪ੍ਰਬੰਧ ਨੂੰ ਨਵੀਂ

ਸਭਿਆਚਾਰਕ ਹਾਇਬ੍ਰਿਡਿਟੀ ਅਤੇ ਸਮਭਾਵੀਪਣ (Hybridity and syncricity) ਨਾਲ ਪ੍ਰੇਰਿਤ ਹੋਣ ਵਾਲੇ ਚਿਹਨ ਪ੍ਰਬੰਧ ਨਾਲ ਬਦਲਣ ਦੇ ਯਤਨ ਕੀਤੇ ਹਨ। ਇਸ ਸਮਕਾਲੀਨ ਵਿਕਸਤ ਸਮਾਜਿਕ ਅਤੇ ਸਭਿਆਚਾਰਕ ਸਪੇਸ (space) ਵਿਚ ਤੀਜੀ ਦੁਨੀਆਂ ਨਾਲ ਜੁੜੇ ਹੋਏ ਖੇਤਰੀ ਸਭਿਆਚਾਰ ਲਈ ਸੰਭਾਵੀ ਸਪੇਸ ਦੀ ਲੋੜ ਅਤੇ ਮਹੱਤਵ ਨੂੰ ਸਵੀਕ੍ਰਿਤੀ ਮਿਲੀ ਹੈ।[8] ਕੁਲ ਮਿਲਾ ਕੇ ਪਰਵਾਸੀਆਂ ਦੀ ਪਛਾਣ ਸੰਕਟਗ੍ਰਸਤ, ਗਤੀਸ਼ੀਲ ਤੇ ਹਾਈਬ੍ਰਿਡ ਵਜੋਂ ਸ਼ਨਾਖ਼ਤ ਰੱਖਦੀ ਹੈ।

ਆਪਾਂ ਪਹਿਲੇ ਸੁਆਲ ਵੱਲ ਆਉਂਦੇ ਹਾਂ। ਅਜੋਕਾ ਪੰਜਾਬੀ ਪਰਵਾਸ, ਮੁੱਢਲੇ ਪੰਜਾਬੀ ਪਰਵਾਸ ਵਾਂਗ ਇਕੱਲਾ ਆਰਥਿਕ ਤੰਗੀ/ਮੰਦਹਾਲੀ ਵਿਚੋਂ ਪੈਦਾ ਹੋਇਆ ਵਰਤਾਰਾ ਨਹੀਂ ਹੈ। ਮੁੱਢਲੇ ਪਰਵਾਸੀ ਭਾਈਚਾਰੇ ਨੂੰ ਹੋਸਟ ਸਮਾਜ ਨੇ ਬਣਦਾ ਮਾਣ ਸਨਮਾਨ ਨਹੀਂ ਦਿੱਤਾ ਸੀ ਜਿਸ ਦੇ ਪ੍ਰਤਿਕਰਮ ਤੇ ਪ੍ਰਤਿਰੋਧ ਨੂੰ ਵੇਖਦਿਆਂ ਉਨ੍ਹਾਂ ਵਿਕਸਤ ਦੇਸ਼ਾਂ ਨੇ ਸਹਿਹੋਂਦੀ ਮਾਹੌਲ ਬਣਾਉਣ ਲਈ ਬਹੁ-ਸਭਿਆਚਾਰਵਾਦ ਤਹਿਤ ਹਰ ਪਰਵਾਸੀ ਭਾਈਚਾਰੇ ਨੂੰ ਉਨ੍ਹਾਂ ਦੀਆਂ ਵਿਭਿੰਨਤਾਵਾਂ ਸਹਿਤ ਬਰਾਬਰ ਵਿਗਸਣ ਦੀਆਂ ਨੀਤੀਆਂ ਅਪਣਾਈਆਂ, ...ਜਿਨ੍ਹਾਂ ਦੀ ਵਿਸਤ੍ਰਿਤ ਚਰਚਾ ਅਸੀਂ ਪਿੱਛੇ ਕਰ ਆਏ ਹਾਂ। ਸੋ ਅਜੋਕੇ ਬਹੁ-ਸਭਿਆਚਾਰਵਾਦੀ ਦੇਸ਼ਾਂ ਵਿਚ ਪਰਵਾਸ ਸਾਹਮਣੇ ਉਹ ਮਸਲੇ ਨਹੀਂ ਹਨ। ਇਹ ਪਰਵਾਸ ਵਿਸ਼ਵੀਕਰਨ ਦੀਆਂ ਲੋੜਾਂ ਵਿਚੋਂ ਪੈਦਾ ਹੋਇਆ ਹੈ। ਵਿਭਿੰਨ ਕਿਸਮ ਦੇ ਹੁਨਰਮੰਦਾਂ ਦੀ ਘਾਟ ਨੇ ਵਿਕਸਤ ਦੇਸ਼ਾਂ ਨੂੰ ਦੂਜੇ ਦੇਸਾਂ ਤੋਂ ਹੋਣਹਾਰ ਵਿਦਿਆਰਥੀਆਂ, ਡਾਕਟਰਾਂ, ਇੰਜ਼ੀਨੀਅਰਾਂ ਅਤੇ ਹੋਰ ਹੁਨਰਮੰਦਾਂ ਲਈ ਆਪਣੇ ਦੇਸ਼ਾਂ ਦੇ ਬੂਹੇ ਖੁੱਲ੍ਹੇ ਰੱਖੇ ਹਨ। ...ਪੰਜਾਬ ਵਿਚੋਂ ਹਰ ਸਾਲ ਹਜ਼ਾਰਾਂ ਵਿਦਿਆਰਥੀ, ਹਜ਼ਾਰਾਂ ਬੇਰੁਜ਼ਗਾਰ, ਹਜ਼ਾਰਾਂ ਨੌਕਰੀ-ਪੇਸ਼ਾ ਜਾਂ ਸਾਧਨ ਸੰਪਨ ਲੋਕ ਵੀ ਵੱਖ-ਵੱਖ ਦੇਸ਼ਾਂ ਵਿਚ ਪਰਵਾਸ ਕਰ ਰਹੇ ਹਨ।

ਹੋਸਟ ਸਮਾਜ ਇਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹ (ਪੰਜਾਬੀ) ਹੋਸਟ ਸਮਾਜ ਦੀ ਨੁਹਾਰ ਵੀ ਬਦਲ ਰਹੇ ਹਨ। ਪਰਵਾਸੀ ਵੀ ਜਨਮ-ਭੂਮੀ ਤੇ ਕਰਮ-ਭੂਮੀ ਦੇ ਸੰਵਾਦ ਵਿਚੋਂ ਕੁਝ ਨਵਾਂ ਗ੍ਰਹਿਣ ਕਰਦੇ ਹਨ ਅਤੇ ਹੋਸਟ ਸਮਾਜ ਵੀ। ਬਹੁਤ ਸਾਰੇ ਐਸੇ ਦੇਸਾਂ ਵਿਚ ਪੰਜਾਬੀ ਉਥੋਂ ਦੀ ਸਿਆਸਤ ਵਿਚ ਪੂਰੀ ਦਖ਼ਲ-ਅੰਦਾਜ਼ੀ ਕਰਦੇ ਹਨ ਤੇ ਸੱਤਾ ਵਿਚ ਭਾਈਵਾਲ ਵੀ ਬਣੇ ਹਨ। ਇੰਗਲੈਂਡ ਜਿਸਦੀ ਭਾਰਤ ਬਸਤੀ ਰਿਹਾ ਸੀ, ਉਥੇ ਭਾਰਤੀ/ਪੰਜਾਬੀ ਮੂਲ ਦਾ ਪ੍ਰਧਾਨ ਮੰਤਰੀ ਬਣਨਾ ਬਹੁ-ਸਭਿਆਚਾਰਵਾਦ ਦੇ ਅਮਲ ਦੀ ਤਾਜ਼ਾ ਮਿਸਾਲ ਹੈ।

ਸੋ ਪਰਵਾਸੀ ਧਿਰਾਂ ਲਈ ਬਹੁ-ਸਭਿਆਚਾਰਵਾਦ ਦਾ ਵਰਤਾਰਾ ਵਰ ਹੈ। ਜਿਨ੍ਹਾਂ ਦੇਸ਼ਾਂ ਵਿਚ ਬਹੁ-ਸਭਿਆਚਾਰਵਾਦ ਅਮਲੀ ਰੂਪ ਵਿਚ ਪ੍ਰਫੁਲਿਤ ਹੋ ਚੁੱਕਾ ਹੈ ਉਥੇ ਪਰਵਾਸੀਆਂ ਨੂੰ ਆਪਣੀ ਪਛਾਣ ਕਾਇਮ ਰੱਖਣ ਲਈ ਘੱਟ ਸੰਘਰਸ਼ ਕਰਨਾ ਪੈ ਰਿਹਾ ਹੈ। ਪਰਵਾਸੀ ਉਪਰ ਹੋਸਟ ਸਭਿਆਚਾਰ ਦੇ ਦਬਦਬੇ ਦਾ ਹਮੇਸ਼ਾਂ ਖ਼ਤਰਾ ਬਣਿਆ ਰਹਿੰਦਾ ਹੈ, ਉਨ੍ਹਾਂ ਨਾਲ ਬਰਾਬਰਤਾ ਰਹਿਣੀ ਮੁਸ਼ਕਿਲ ਹੈ। ਉਹ ਘੱਟ ਗਿਣਤੀ ਸਭਿਆਚਾਰ ਦੀ ਧਿਰ ਵੱਲੋਂ ਬਹੁ-ਗਿਣਤੀ ਦੇ ਤਾਕਤਵਰ ਹੋਸਟ ਸਭਿਆਚਾਰ ਨਾਲ ਵਿਚਰਦਾ ਹੈ ਤਾਂ ਗੌਣ ਸਭਿਆਚਾਰ ਵਜੋਂ ਪੇਸ਼ ਆਉਂਦਾ ਹੈ। ਉਸਨੂੰ ਹਮੇਸ਼ਾਂ ਆਪਣੀਆਂ ਕਦਰਾਂ ਕੀਮਤਾਂ, ਵਿਲੱਖਣਤਾਵਾਂ, ਭਾਸ਼ਾ, ਨਵੀਂ ਪੀੜ੍ਹੀ ਦੀ ਪਛਾਣ ਦਾਅ 'ਤੇ ਲੱਗੀ ਲੱਗਦੀ ਹੈ। ਹੋਸਟ ਸਭਿਆਚਾਰ ਲਈ ਪਰਵਾਸੀਆਂ ਦੇ ਸਭਿਆਚਾਰ ਵਿਚਲੀਆਂ ਵਿਸੰਗਤੀਆਂ, ਰੂੜੀਵਾਦੀ ਪ੍ਰਥਾਵਾਂ ਜਾਂ ਪਿਛਾਂਹ ਖਿੱਚੂ ਪਰੰਪਰਾਵਾਂ ਸਵੀਕਾਰ ਕਰਨਾ ਕਠਿਨ ਹੁੰਦਾ ਹੈ। ਇਨ੍ਹਾਂ ਤੋਂ ਪਾਰ ਜਾ ਕੇ ਅਤੇ ਸਮੇਂ ਦੇ ਹਾਣ ਦੀ ਸਿਆਸੀ, ਸਭਿਆਚਾਰਕ, ਵਿਦਿਅਕ ਸਮਰੱਥਾ ਤੇ ਚੇਤਨਾ ਭਰ ਕੇ ਹੀ ਸਾਡਾ ਪਰਵਾਸੀ ਪੰਜਾਬੀ ਭਾਈਚਾਰਾ ਆਪਣੀ ਵਿਲੱਖਣ ਪਛਾਣ ਰੱਖਦਾ ਅੱਗੇ ਵਧ ਸਕੇਗਾ।

**ਹਵਾਲੇ :**


1. **Stanford Encyclopedia of Philosophy.** (First published Fri Sep 24, 2010; substantive revision Wed Sep 9, 2020) https://plato.stanford.edu/entries/multiculturalism/
2. https://www.studysmarter.us/explanations/politics/political-ideology/multiculturalism/
3. ਪ੍ਰੋ. ਪ੍ਰੀਤਮ ਸਿੰਘ, 'ਬਹੁ-ਸਭਿਆਚਾਰਵਾਦ ਅਤੇ ਪੰਜਾਬੀ ਡਾਇਸਪੋਰਾ', **ਸੰਵਾਦ-05**, ਜੁਲਾਈ-ਦਸੰਬਰ 2019, ਪੰਨਾ 14.

4. **ਉਹੀ**, ਪੰਨਾ 07.
5. ਡਾ. ਜਗਜੀਵਨ ਸਿੰਘ, 'ਰੇਮੰਡ ਹੈਨਰੀ ਵਿਲੀਅਮਜ਼ ਦਾ ਸਭਿਆਚਾਰ ਸ਼ਾਸਤਰ', **ਸਭਿਆਚਾਰ ਤੇ ਲੋਕਧਾਰਾ ਵਿਸ਼ਵ ਚਿੰਤਨ** (ਸੰਪਾ.), ਡਾ. ਗੁਰਮੀਤ ਸਿੰਘ ਤੇ ਡਾ. ਸੁਰਜੀਤ ਸਿੰਘ, ਪੰਨੇ 29-30.
6. ਅਮਰਜੀਤ ਸਿੰਘ ਗਰੇਵਾਲ, 'ਅੰਤੋਨੀਓ ਗਰਾਮਸ਼ੀ ਦਾ ਸਭਿਆਚਾਰ ਚਿੰਤਨ', **ਉਹੀ**, ਪੰਨਾ 20.
7. ਡਾ. ਬਲਦੇਵ ਸਿੰਘ ਧਾਲੀਵਾਲ, 'ਬਹੁਸਭਿਆਚਾਰਵਾਦ ਅਤੇ ਅਮਰੀਕੀ ਪੰਜਾਬੀ ਕਹਾਣੀ', **ਬਹੁਸਭਿਆਚਾਰਵਾਦ ਅਤੇ ਪੰਜਾਬੀ ਸਾਹਿਤ** (ਸੰਪਾ.), ਡਾ. ਬਲਦੇਵ ਸਿੰਘ ਧਾਲੀਵਾਲ ਤੇ ਸੁਖਪ੍ਰੀਤ ਕੌਰ, ਪੰਨੇ 221-22.
8. ਡਾ. ਗੁਰਪਾਲ ਸਿੰਘ ਸੰਧੂ, **ਹਰਜੀਤ ਅਟਵਾਲ ਦੇ ਨਾਵਲ: ਵਾਸ, ਪਰਵਾਸ ਤੇ ਡਾਇਸਪੋਰਾ**, ਪੰਨੇ 50-51.

◈